# ਨਫ਼ਰਤ ਮੈਨੂੰ ਮਹਿਸੂਸ ਕਰਵਾਉਂਦੀ ਹੈ...




ਨਫ਼ਰਤ ਤਕਲੀਫ਼ ਪਹੁੰਚਾਉਂਦੀ ਹੈ।

ਇਸ ਦੀ ਰਿਪੋਰਟ ਕਰੋ ਅਤੇ ਇਸ 'ਤੇ ਰੋਕ ਲਗਾਓ।

#HateHurtsSYP

South Yorkshire POLICE

**'ਨਫ਼ਰਤ' ਕੋਈ ਵੀ ਅਜਿਹੀ ਘਟਨਾ ਜਾਂ ਜੁਰਮ ਹੋ ਸਕਦੀ ਹੈ ਜੋ ਕਿਸੇ ਵਿਅਕਤੀ ਦੀ ਨਸਲ, ਧਰਮ, ਜਿਨਸੀ ਝੁਕਾਅ, ਟਰਾਂਸਜੈਂਡਰ ਪਹਿਚਾਣ ਜਾਂ ਅਸਮਰੱਥਾ ਵਿਰੁੱਧ ਪੱਖਪਾਤ ਜਾਂ ਵੈਰ-ਵਿਰੋਧਤਾ (ਜਾਂ ਜਦੋਂ ਅਜਿਹਾ ਸਮਝਿਆ ਜਾਂਦਾ ਹੈ) ਤੋਂ ਪ੍ਰੇਰਤ ਹੁੰਦੀ ਹੈ। ਇਸ ਵਿੱਚ ਸ਼ਾਮਲ ਹੁੰਦਾ ਹੈ:**

- ਇੱਕ ਫੌਜਦਾਰੀ ਜੁਰਮ ਜਿੱਥੇ ਕਾਨੂੰਨ ਤੋੜਿਆ ਜਾਂਦਾ ਹੈ ਉਹ ਨਫ਼ਰਤ ਅਧਾਰਤ ਜੁਰਮ ਹੁੰਦਾ ਹੈ
- ਇੱਕ ਘਟਨਾ ਜੋ ਫੌਜਦਾਰੀ ਜੁਰਮ ਨਹੀਂ ਹੁੰਦੀ ਨਫ਼ਰਤ ਅਧਾਰਤ ਘਟਨਾ ਹੁੰਦੀ ਹੈ

ਪੁਲਿਸ ਵੱਲੋਂ ਇਹ ਨਿਰਧਾਰਣ ਕਰਨ ਲਈ ਹਰ ਤਰ੍ਹਾਂ ਦੀ 'ਨਫ਼ਰਤ' ਦਾ ਮੁਲਾਂਕਣ ਕੀਤਾ ਜਾਂਦਾ ਹੈ ਕਿ ਕੀ ਇਹ ਇੱਕ ਜੁਰਮ ਹੈ ਜਾਂ ਇੱਕ ਘਟਨਾ ਹੈ। ਸਾਰੇ ਮਾਮਲੇ ਫੌਜਦਾਰੀ ਜੁਰਮ ਦੇ ਥਰੈਸ਼ਹੋਲਡ (ਪ੍ਰਵੇਸ਼-ਅਧਾਰ) ਨੂੰ ਪੂਰਾ ਨਹੀਂ ਕਰਦੇ, ਪਰ ਜਦੋਂ ਨਫ਼ਰਤ ਅਧਾਰਤ ਘਟਨਾ ਦੀ ਰਿਪੋਰਟ ਕੀਤੀ ਜਾਂਦੀ ਹੈ ਤਾਂ ਪੀੜ੍ਹਤ ਦੀ ਰਾਏ ਬਾਰੇ ਹਮੇਸ਼ਾ ਵਿਚਾਰ ਕੀਤਾ ਜਾਂਦਾ ਹੈ।

## ਨਫ਼ਰਤ ਅਧਾਰਤ ਜੁਰਮ ਕੀ ਹੈ?

ਨਫ਼ਰਤ ਅਧਾਰਤ ਜੁਰਮ ਕੋਈ ਵੀ ਅਜਿਹਾ ਫੌਜਦਾਰੀ ਜੁਰਮ ਹੈ ਜੋ ਇੱਕ ਵਿਅਕਤੀ ਦੀਆਂ ਅੱਗੇ ਦਿੱਤੀਆਂ ਗੱਲਾਂ (ਖਾਸੀਅਤਾਂ) ਵਿਰੁੱਧ ਪੱਖਪਾਤ ਜਾਂ ਵੈਰਵਿਰੋਧਤਾ (ਜਾਂ ਜਦੋਂ ਅਜਿਹਾ ਸਮਝਿਆ ਜਾਂਦਾ ਹੈ) ਤੋਂ ਪ੍ਰੇਰਤ ਹੁੰਦਾ ਹੈ:

- **ਅਸਮਰੱਥਾ**: ਸਰੀਰਕ, ਸੁਣਨ ਜਾਂ ਦੇਖਣ ਦੇ ਵਿਗਾੜ, ਮਾਨਸਿਕ ਤੌਰ 'ਤੇ ਬਿਮਾਰ ਅਤੇ ਸਿੱਖਣ ਸਬੰਧੀ ਅਸਮਰੱਥਾਵਾਂ
- **ਨਸਲ** - ਰਾਸ਼ਟਰੀਅਤਾ, ਨਸਲੀ ਮੂਲ, ਚਮੜੀ ਦਾ ਰੰਗ ਜਾਂ ਵਿਰਸਾ
- **ਧਾਰਮਿਕ ਸ਼ਰਧਾ** - ਧਰਮ, ਵਿਸ਼ਵਾਸ, ਗੈਰ-ਧਾਰਮਕ ਧਾਰਣਾ
- **ਜਿਨਸੀ ਝੁਕਾਅ** - ਅਜਿਹੇ ਲੋਕ ਜਿਹਨਾਂ ਦੀ ਪਹਿਚਾਣ ਲੈਸਬੀਅਨ (ਸਮਲਿੰਗੀ ਔਰਤਾਂ), ਗੇਅ (ਸਮਲਿੰਗੀ ਪੁਰਸ਼), ਬਾਇ-ਸੈਕਚੁਅਲ (ਦੋ-ਲਿੰਗੀ) ਜਾਂ ਹੈਟਰੋਸੈਕਚੁਅਲ (ਵਿਪਰੀਤ-ਲਿੰਗੀ) ਵੱਜੋਂ ਕੀਤੀ ਜਾਂਦੀ ਹੈ
- **ਲਿੰਗਕ ਪਹਿਚਾਣ** - ਅਜਿਹੇ ਲੋਕ ਜਿਹਨਾਂ ਦੀ ਪਹਿਚਾਣ 'ਟਰਾਂਸ' ਵੱਜੋਂ ਕੀਤੀ ਜਾਂਦੀ ਹੈ ਜਿਸ ਵਿੱਚ ਟਰਾਂਸਜੈਂਡਰ ਜਾਂ ਟਰਾਂਸਸੈਕਚੁਅਲ (ਜੋ ਖੁਦ ਨੂੰ ਵਿਰੋਧੀ ਲਿੰਗ ਦਾ ਸਮਝਦੇ ਹਨ) ਲੋਕ ਸ਼ਾਮਲ ਹਨ

ਇਸ ਵਿੱਚ ਅੱਗੇ ਦਿੱਤੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਸਰੀਰਕ ਹਮਲਾ
- ਪ੍ਰਾਪਰਟੀ ਨੂੰ ਨੁਕਸਾਨ
- ਜਨਤਕ ਥਾਵਾਂ ’ਤੇ ਅਪਮਾਨਜਨਕ ਚਿਤਰਣ (ਲਿਖਤ)
- ਅਗਜ਼ਨੀ
- ਨਫ਼ਰਤ ਨੂੰ ਆਨਲਾਈਨ ਉਕਸਾਉਣਾ

## ਨਫ਼ਰਤ ਦੀ ਘਟਨਾ ਕੀ ਹੈ?

ਪੁਲਿਸ ਸਿਰਫ ਉਸ ਸਮੇਂ ਹੀ ਕਾਨੂੰਨੀ ਕਾਰਵਾਈ ਕਰ ਸਕਦੀ ਹੈ ਜਦੋਂ ਕਾਨੂੰਨ ਤੋੜਿਆ ਜਾਂਦਾ ਹੈ, ਪਰ ਇਹ ਨਫ਼ਰਤ ਦੀਆਂ ਗੈਰ-ਅਪਰਾਧਕ ਘਟਨਾਵਾਂ ਬਾਰੇ ਵੀ ਜਾਣਨਾ ਚਾਹੁੰਦੀ ਹੈ। ਇਹ ਘਟਨਾਵਾਂ ਹੋ ਸਕਦਾ ਹੈ ਕਿ ਫੌਜਦਾਰੀ ਅਪਰਾਧ ਨਾ ਹੋਣ ਪਰ ਅਕਸਰ ਪ੍ਰਭਾਵਿਤ ਵਿਅਕਤੀਆਂ ਲਈ ਜੁਰਮ ਮਹਿਸੂਸ ਹੋ ਸਕਦੀਆਂ ਹਨ, ਅਤੇ ਇਹ ਕਈ ਵਾਰੀ ਜੁਰਮ ਨੂੰ ਉਕਸਾਉਂਦੀਆਂ ਹਨ; ਇਸ ਲਈ, ਅਸੀਂ ਅਜਿਹਾ ਹੋਣ ਤੋਂ ਰੋਕਣ ਲਈ ਭਾਈਵਾਲਾਂ ਨਾਲ ਕੰਮ ਕਰਦੇ ਹਾਂ। ਨਫ਼ਰਤ ਦੀਆਂ ਗੈਰ-ਅਪਰਾਧਕ ਘਟਨਾਵਾਂ ਵਿੱਚ ਆਨਲਾਈਨ, ਵਿਅਕਤੀਗਤ ਰੂਪ ਵਿੱਚ ਜਾਂ ਲਿਖਤੀ ਰੂਪ ਵਿੱਚ ਨੀਵਾਂ ਦਿਖਾਉਣ ਵਾਲੀਆਂ ਜਾਂ ਅਪਮਾਨਜਕ ਟਿੱਪਣੀਆਂ ਵਰਗੀਆਂ ਗੱਲਾਂ ਸ਼ਾਮਲ ਹਨ।



## ਇਸ ਦੀ ਰਿਪੋਰਟ ਕਰੋ

ਕੋਈ ਵੀ ਨਫ਼ਰਤ ਦਾ ਸ਼ਿਕਾਰ ਹੋ ਸਕਦਾ ਹੈ। ਨਫ਼ਰਤ ਅਧਾਰਤ ਜੁਰਮ ਜਾਂ ਘਟਨਾਵਾਂ ਕਿਧਰੇ ਵੀ ਵਾਪਰ ਸਕਦੀਆਂ ਹਨ - ਘਰ ਵਿਖੇ, ਗਲੀ ਵਿੱਚ, ਆਨਲਾਈਨ, ਕੰਮ 'ਤੇ ਜਾਂ ਸਕੂਲ ਵਿੱਚ। ਕਿਸੇ ਵੀ ਵਿਅਕਤੀ ਨੂੰ ਡਰ, ਚਿੰਤਾ ਅਤੇ ਨਫ਼ਰਤ ਦੇ ਮਾੜੇ ਸਿੱਟਿਆਂ ਵਿੱਚ ਨਹੀਂ ਜਿਊਣਾ ਚਾਹੀਦਾ।

ਜੇ ਤੁਸੀਂ ਨਫ਼ਰਤ ਦੇ ਸ਼ਿਕਾਰ ਜਾਂ ਗਵਾਹ ਹੋ, ਤਾਂ ਇਸ ਦੀ ਰਿਪੋਰਟ ਕਰਨ ਨਾਲ ਸਾਨੂੰ ਇਸ ਨੂੰ ਨਜਿੱਠਣ ਵਿੱਚ ਮਦਦ ਮਿਲੇਗੀ ਅਤੇ ਕਿਸੇ ਹੋਰ ਨਾਲ ਅਜਿਹੀਆਂ ਘਟਨਾਵਾਂ ਹੋਣ ਤੋਂ ਰੋਕਿਆ ਜਾ ਸਕਦਾ ਹੈ। ਤੁਸੀਂ ਆਪਣੇ ਇਲਾਕੇ ਵਿੱਚ ਨਫ਼ਰਤ ਅਧਾਰਤ ਘਟਨਾਵਾਂ ਦੀ ਹੱਦ ਨੂੰ ਸਮਝਣ ਵਿੱਚ ਵੀ ਸਾਡੀ ਮਦਦ ਕਰੋਗੇ ਤਾਂ ਜੋ ਅਸੀਂ ਇਸ ਦਾ ਬਿਹਤਰ ਢੰਗ ਨਾਲ ਜਵਾਬ ਦੇ ਸਕੀਏ।

**ਇਹ ਗੱਲ ਮਹੱਤਵਪੂਰਨ ਹੈ ਕਿ ਜੇ ਤੁਹਾਡੇ ਜਾਂ ਤੁਹਾਡੇ ਕਿਸੇ ਜਾਣਕਾਰ ਨਾਲ ਨਫ਼ਰਤ ਕੀਤੀ ਜਾਂਦੀ ਹੈ ਤਾਂ ਇਸ ਦੀ ਰਿਪੋਰਟ ਕਰੋ ਅਤੇ ਇਸ ਉੱਤੇ ਰੋਕ ਲਗਾਓ।**

## ਨਫ਼ਰਤ ਅਧਾਰਤ ਜੁਰਮ ਜਾਂ ਘਟਨਾ ਦੀ ਰਿਪੋਰਟ ਕਿਵੇਂ ਕਰਨੀ ਹੈ?

- ਐਮਰਜੈਂਸੀ ਨਾ ਹੋਣ 'ਤੇ 101 'ਤੇ ਅਤੇ ਐਮਰਜੈਂਸੀ ਹੋਣ 'ਤੇ 999 'ਤੇ ਕਾਲ ਕਰੋ
- ਜੇ ਤੁਸੀਂ ਬੋਲ਼ੇ ਹੋ, ਉੱਚਾ ਸੁਣਾਈ ਦਿੰਦਾ ਹੈ ਜਾਂ ਬੋਲੀ ਦਾ ਵਿਗਾੜ ਹੈ ਤਾਂ 18001 101 'ਤੇ ਟੈਕਸਟਫ਼ੋਨ ਕਰੋ ਜਾਂ 07786 220 022 'ਤੇ ਐਸ.ਐਮ.ਐਸ. ਕਰੋ
- ਸਥਾਨਕ ਹੇਟ ਕ੍ਰਾਇਮ ਰਿਪੋਰਟਿੰਗ ਸੈਂਟਰ 'ਤੇ ਜਾਓ ਜਾਂ ਕਾਲ ਕਰੋ, ਮੁਕੰਮਲ ਸੂਚੀ ਸਾਡੀ ਵੈਬਸਾਈਟ 'ਤੇ ਉਪਲਬਧ ਹੈ
- ਤੁਸੀਂ ਸਾਡੀ ਵੈਬਸਾਈਟ ਜਾਂ ਟਰੂ ਵਿਜ਼ਿਨ (report-it.org.uk) ਰਾਹੀਂ ਵੀ ਨਫ਼ਤਰ ਅਧਾਰਤ ਜੁਰਮ ਦੀ ਆਨਲਾਈਨ ਰਿਪੋਰਟ ਕਰ ਸਕਦੇ ਹੋ
- ਜ਼ਿਆਦਾ ਜਾਣਕਾਰੀ ਲਈ ਇੱਥੇ ਜਾਓ: southyorks.police.uk/hatehurts

1210